# ਪਾਵਰ ਪਲਾਂਟ ਦੇ ਕਰਮਚਾਰੀਆਂ ਤੇ ਵਰਕਰਾਂ ਵਲੋਂ ਪਲਾਂਟ ਤੇ ਆਲੇ-ਦੁਆਲੇ ਦੀ ਸਫਾਈ



ਸਫਾਈ ਕਰਦੇ ਥਰਮਲ ਪਲਾਂਟ ਦੇ ਕਰਮਚਾਰੀ। (ਮਿੱਤਲ)

ਮਾਨਸਾ, 12 ਸਤੰਬਰ (ਮਿੱਤਲ)- ਸਵੱਛ ਭਾਰਤ ਮੁਹਿੰਮ ਤਹਿਤ ਮਾਨਸਾ ਦੇ ਤਲਵੰਡੀ ਸਾਬੋ ਪਾਵਰ ਪਲਾਂਟ 'ਚ ਕੰਮ ਕਰਦੇ ਕਰਮਚਾਰੀਆਂ ਅਤੇ ਹੋਰ ਕੰਪਨੀ 'ਚ ਕੰਮ ਕਰਦੇ ਵਰਕਰਾਂ ਨੇ ਮਿਲ ਕੇ ਇਕ ਸਫਾਈ ਮਹਾਅਭਿਆਨ ਚਲਾਇਆ, ਜਿਸ ਤਹਿਤ ਉਨ੍ਹਾਂ ਸੜਕ ਅਤੇ ਪਲਾਂਟ ਦੇ ਆਲੇ-ਦੁਆਲੇ ਦੀ ਸਫਾਈ ਕੀਤੀ। ਇਸ ਸਮੇਂ 300 ਲੋਕਾਂ ਨੇ ਭਾਗ ਲਿਆ। ਜਾਣਕਾਰੀ ਦਿੰਦੇ ਹੋਏ ਕੰਪਨੀ ਦੇ ਲੋਕ ਸੇਵਾ ਅਧਿਕਾਰੀ ਡਾ. ਵਿਸ਼ਾਲ ਅਗਰਵਾਲ ਨੇ ਦੱਸਿਆ ਕਿ ਕੰਪਨੀ ਵਲੋਂ ਹਰ ਹਫਤੇ ਪਲਾਂਟ 'ਚ ਸਫਾਈ ਕੀਤੀ ਜਾਂਦੀ ਹੈ ਅਤੇ ਇਸ ਕੰਪਨੀ ਤੇ ਹੋਰ ਕੰਪਨੀਆਂ ਨੇ ਮਿਲ ਕੇ ਮਹੀਨਾਵਾਰ ਪਲਾਂਟ ਤੇ ਆਲੇ-ਦੁਆਲੇ ਦੀ ਸਫਾਈ ਕਰਨ ਦਾ ਸੰਕਲਪ ਲਿਆ ਹੈ।

ਸਾਰੇ ਹੀ ਕਰਮਚਾਰੀਆਂ ਅਤੇ ਵਰਕਰਾਂ ਵਲੋਂ ਸੜਕ ਅਤੇ ਨਾਲ ਲੱਗਦੀਆਂ ਕਾਲੋਨੀਆਂ ਤੋਂ ਇਲਾਵਾ ਬੱਸ ਸਟੈਂਡ ਦੀ ਸਫਾਈ ਕਰਨ ਦਾ ਫੈਸਲਾ ਕੀਤਾ ਗਿਆ। ਇਸ ਮੌਕੇ ਕੰਪਨੀ ਦੇ ਸੀ. ਈ. ਓ. ਫਿਲਿਪ ਚਾਕੋ ਨੇ ਦੱਸਿਆ ਕਿ ਦੇਸ਼ ਦੇ ਪ੍ਰਧਾਨ ਮੰਤਰੀ ਵਲੋਂ ਸ਼ੁਰੂ ਕੀਤੀ ਸਫਾਈ ਮੁਹਿੰਮ ਤਹਿਤ ਹਰ ਮਹੀਨੇ ਕੰਪਨੀ 'ਚ ਕੰਮ ਕਰਦੇ ਸਾਰੇ ਵਰਕਰਾਂ ਅਤੇ ਕੰਟਰੈਕਟਰਾਂ ਵਲੋਂ ਸਫਾਈ ਕੀਤੀ ਜਾਵੇਗੀ। ਇਸ ਮੌਕੇ ਕੰਪਨੀ ਦੇ ਸੀ. ਈ. ਓ. ਫਿਲਿਪ ਚਾਕੋ, ਚੇਤਨ ਸ਼੍ਰੀਵਾਸਤਵ, ਓ. ਐੱਨ. ਐੱਸ. ਹੈੱਡ ਜੇ. ਕੇ. ਮੁਖਰਜੀ, ਸਮੀਰ ਨਾਇਕ, ਅਵਿਨਾਸ਼ ਕੁਮਾਰ, ਅਮਿਤ ਅਗਰਵਾਲ, ਡਾ. ਵਿਸ਼ਾਲ ਅਗਰਵਾਲ, ਪ੍ਰੀਆ ਰਾਣੀ ਆਦਿ ਹਾਜ਼ਰ ਸਨ।

ਜਗ ਬਾਣੀ
Sun, 13 September 2015
jagbani.epapr.in/c/6523427